**ਪ੍ਰੈਸ ਨੋਟ**

***ਪੰਜਾਬ ਹਿਤੈਸ਼ੀਆਂ ਨੂੰ ਹਲੂਣਾ***

***ਪੰਜਾਬ ਦੀ ਅਣਖ ਤੇ ਗੈਰਤ ਦੇ ਅਲੰਬਰਦਾਰੋ।***

***ਗੁਰੂ ਫਤਹਿ ਪ੍ਰਵਾਨ ਕਰੋ ।***

*ਪੰਜਾਬ ਅਤੇ ਪੰਥ ਦਰਦੀਆਂ ਵਲੋਂ 1920 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕਰਨ ਤੋਂ ਬਾਦ ਇਸ ਪਾਰਟੀ ਨੇ ਜਿਥੇ ਪੰਜਾਬ, ਪੰਜਾਬੀ , ਪੰਜਾਬੀਅਤ ਅਤੇ ਸਮਾਜ ਦੇ ਦੱਬੇ-ਕੁਚਲੇ ਅਤੇ ਲਤਾੜੇ ਵਰਗ ਦੀ ਬਿਹਤਰੀ ਲਈ ਆਵਾਜ਼ ਬੁਲੰਦ ਕੀਤੀ ਉਥੇ ਮਹੰਤਾਂ ਤੇ ਕੌਮ ਦੇ ਗੱਦਾਰਾਂ ਕੋਲੋਂ ਪਵਿੱਤਰ ਗੁਰਧਾਮਾਂ ਨੂੰ ਮੁਕਤ ਕਰਵਾ ਕੇ ਪੰਥਕ ਮਾਣ- ਮਰਿਯਾਦਾ ਨੂੰ ਬਹਾਲ ਕੀਤਾ। ਅਜ਼ਾਦੀ ਤੋਂ ਬਾਦ ਦੇਸ਼ ਦੀ ਵਾਗਡੋਰ ਸੰਭਾਲਣ ਵਾਲੀਆਂ ਕੇਂਦਰ ਦੀਆਂ ਸਮੇਂ-ਸਮੇਂ ਬਣੀਆਂ ਕਾਂਗਰਸੀ ਸਰਕਾਰਾਂ ਵਲੋਂ ਪੰਜਾਬ ਨਾਲ ਕੀਤੀ ਜਾਣ ਵਾਲੀ ਬੇਇਨਸਾਫੀ ਤੇ ਧੱਕੇਸ਼ਾਹੀ ਦੇ ਖਿਲਾਫ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਪੰਜਾਬੀ ਸੂਬਾ ਮੋਰਚਾ,ਦੇਸ਼ ਵਿਚ ਐਮਰਜੈਂਸੀ ਦੇ ਖਿਲਾਫ 1975 ਵਿਚ ਮੋਰਚਾ ਅਤੇ ਪੰਜਾਬ ਦੀਆਂ ਹੱਕੀ ਮੰਗਾਂ ਲਈ ਧਰਮਯੁੱਧ ਮੋਰਚਾ ਲਗਾ ਕੇ ਲਹੂ ਡੋਲਵਾਂ ਸੰਘਰਸ਼ ਕੀਤਾ।*

*ਪੰਜਾਬ ਤੇ ਪੰਥ ਦੀ ਨੁਮਾਇੰਦਾ ਜਥੇਬੰਦੀ ਹੋਣ ਕਰਕੇ ਹੀ ਪੰਜਾਬ ਦੇ ਲੋਕਾਂ ਨੇ 2007 ਅਤੇ 2012 ਵਿਚ ਲਗਾਤਾਰ 10 ਸਾਲ ਪੰਜਾਬ ਦੀ ਵਾਗਡੋਰ ਸ਼੍ਰੋਮਣੀ ਅਕਾਲੀ ਦਲ ਨੂੰ ਸੌਂਪੀ ਤਾਂ ਜੋ ਪੰਜਾਬ ਅਤੇ ਪੰਥ ਨੂੰ ਦਰਪੇਸ਼ ਮਸਲਿਆਂ ਦਾ ਕੋਈ ਸਥਾਈ ਹੱਲ ਨਿਕਲ ਸਕੇ। ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਅਰਸੇ ਦੌਰਾਨ ਸੱਤਾ ਵਿਚ ਰਹਿੰਦਿਆਂ ਪਾਰਟੀ ਅਤੇ ਸਰਕਾਰ 'ਤੇ ਕਾਬਜ਼ ਬਾਦਲ ਤੇ ਮਜੀਠੀਆ ਪਰਿਵਾਰਾਂ ਨੇ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਤਾਂ ਤੋਂ ਪਾਸਾ ਵੱਟਦਿਆਂ ਪੰਜਾਬ ਤੇ ਪੰਥ ਦੇ ਮਸਲਿਆਂ ਨੂੰ ਵਿਸਾਰ ਕੇ ਆਪਣੇ ਨਿੱਜੀ ਹਿੱਤਾਂ ਨੂੰ ਤਰਜੀਹ ਦੇਣੀ ਸੁਰੂ ਕਰ ਦਿੱਤੀ। ਉਹ ਕਾਂਗਰਸ ਪਾਰਟੀ ਜਿਸਦੀ ਪੰਜਾਬ ਪ੍ਰਤੀ ਸੋਚ ਹਮੇਸ਼ਾ ਹੀ ਨਕਾਰਾਤਮਕ ਰਹੀ ਅਤੇ ਜਿਸਨੇ ਸਾਡੇ ਸਰਵਉਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ 'ਤੇ ਟੈਂਕਾਂ ਤੇ ਤੋਪਾਂ ਨਾਲ ਹਮਲਾ ਕਰਨ ਦਾ ਪਾਪ ਕੀਤਾ ਉਸ ਨਾਲ ਆਪਣੇ ਰਾਜ ਦੌਰਾਨ ਇਕ-ਦੂਜੇ ਨੂੰ ਬਚਾਉਣ ਦੀ ਅੰਦਰਖਾਤੇ ਸੰਧੀ ਕਰਕੇ ਕਾਂਗਰਸ ਕੋਲ ਪੰਜਾਬ ਤੇ ਪੰਥਕ ਮਸਲੇ ਗਿਰਵੀ ਰੱਖ ਦਿੱਤੇ।*

*ਸੱਤਾ ਦੇ ਨਸ਼ੇ ਵਿਚ ਚੂਰ ਹੋ ਕੇ ਸਰਕਾਰ 'ਤੇ ਕਾਬਜ਼ ਦੋਵੇਂ ਪਰਿਵਾਰਾਂ ਵਲੋਂ ਕੇਬਲ,ਸ਼ਰਾਬ,ਰੇਤ,ਟਰਾਂਸਪੋਰਟ ਤੇ ਭੂ ਮਾਫੀਆ ਬਣਾ ਕੇ ਪੰਜਾਬ ਦੀ ਨਾਦਰਸ਼ਾਹੀ ਲੁੱਟ-ਖਸੁੱਟ ਕੀਤੀ ਅਤੇ ਪੰਜਾਬ ਵਿਚ ਗੁੰਡਾ ਅਨਸਰਾਂ ਨੂੰ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸ਼ਹਿਰ ਦਿੱਤੀ।*

*ਜਦ ਪੰਜਾਬ ਦੇ ਲੋਕ 10 ਸਾਲਾਂ ਦੇ ਔਰੰਗਜ਼ੇਬੀ ਰਾਜ ਤੋਂ ਤੰਗ ਆ ਕੇ ਇੱਕਜੁੱਟ ਹੋਣ ਲੱਗੇ ਤਾਂ ਸੱਤਾ ਭੁੱਖ ਦੀ ਪੂਰਤੀ ਅਤੇ ਕੁਰਸੀ ਨੂੰ ਬਰਕਰਾਰ ਰੱਖਣ ਲਈ ਬਾਦਲ ਪਰਿਵਾਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰੱਚਣ ਵਾਲੇ ਪਾਖੰਡੀ ਸਾਧ ਨਾਲ ਸਾਂਝ ਪਾ ਲਈ।ਉਹ ਪਾਖੰਡੀ ਸਾਧ ਜਿਸਦੇ ਖਿਲਾਫ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੋਈ ਵੀ ਸਾਂਝ ਨਾ ਰੱਖਣ ਦਾ ਹੁਕਮਨਾਮਾ ਜਾਰੀ ਹੋਇਆ ਸੀ।*

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਸਾਧ ਨੂੰ ਬਿਨਾ ਮੰਗਿਆ ਮੁਆਫੀ ਦੇ ਕੇ ਜਦ ਬਾਦਲ ਤੇ ਮਜੀਠੀਆ ਦੋਹਾਂ ਪਰਿਵਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਾਣ ਮਰਿਯਾਦਾ ਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਵੰਗਾਰਿਆ ਤੇ ਬਰਗਾੜੀ ਵਿਖੇ ਗੁਰੂ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਸ਼ਾਤਮਈ ਧਰਨਾ ਦੇ ਰਹੀਆਂ ਜਥੇਬੰਦੀਆਂ ’ਤੇ ਗੋਲੀ ਚਲਾ ਕੇ 2 ਨਿਹੱਥੇ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਵਾਲੀ ਲੀਡਰਸ਼ਿਪ ਨੇ ਜਲ੍ਹਿਆਂਵਾਲੇ ਬਾਗ ਦਾ ਸਾਕਾ ਮੁੜ ਦੁਹਰਾ ਕੇ ਪੰਥ ਵਿਰੋਧੀ ਹੋਣ ਦਾ ਸਬੂਤ ਦਿੱਤਾ।*

*ਅਸੀਂ ਦੋਵੇਂ ਹੱਥ ਜੋੜ ਕੇ ਸਮੂਹ ਪੰਜਾਬੀਆਂ ਤੋਂ ਮੁਆਫੀ ਮੰਗਦੇ ਹਾਂ ਕਿ ਸੱਤਾ ਵਿਚ ਰਹਿੰਦਿਆਂ ਭਾਵੇਂ ਅਸੀਂ ਪਾਰਟੀ ਦੇ ਅੰਦਰ ਰਹਿ ਕੇ ਹਰ ਲੋਕ ਤੇ ਪੰਥ ਵਿਰੋਧੀ ਫੈਸਲੇ ਦੀ ਵਿਰੋਧਤਾ ਕੀਤੀ ਪਰ ਸਾਨੂੰ ਉਦੋਂ ਹੀ ਆਪਣੀ ਗੱਲ ਲੋਕਾਂ ਦੀ ਕਚਿਹਰੀ ਵਿਚ ਰੱਖਣੀ ਚਾਹੀਦੀ ਸੀ । ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਸ਼ ਸਦਕਾ ਜਦ ਸਾਡੀ ਅੰਤਰ ਆਤਮਾ ਨੇ ਸਾਨੂੰ ਹਲੂਣਿਆਂ ਤਾਂ ਅਸੀਂ ਆਪਣੀ ਗੱਲ ਪ੍ਰੈਸ ਰਾਹੀਂ ਲੋਕਾਂ ਅੱਗੇ ਰੱਖੀ।*

*ਉਕਤ ਸਭ ਦੇ ਮੱਦੇਨਜ਼ਰ ਸਾਡੀ ਸਮੂਹ ਦੇਸ਼ ਵਿਦੇਸ਼ ਦੇ ਕੋਨੇ ਕੋਨੇ ਵਿਚ ਬੈਠੇ ਪੰਜਾਬੀਆਂ ਅਤੇ ਪੰਥ ਦਰਦੀਆਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਆਉ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਸਿਧਾਂਤਕ ਸਾਰੋਕਾਰਾਂ ਦੇ ਨਜ਼ਰੀਏ ਤੋਂ ਮੁੜ ਸੁਰਜੀਤ ਕਰੀਏ । ਇਸ ਮੰਤਵ ਦੀ ਪੂਰਤੀ ਲਈ ਅਸੀਂ ਝੋਲੀ ਅੱਡ ਕੇ ਪੰਜਾਬ ਦੇ ਹਰ ਘਰ ਦਾ ਕੁੰਡਾ ਖੜਕਾਵਾਂਗੇ ਤਾਂ ਕਿ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਤੋਂ ਮੁਕਤ ਕਰਵਾ ਕੇ ਪੰਜਾਬ ਨੂੰ ਫਿਰ ਤੋਂ ਦੇਸ਼ ਦਾ ਪਹਿਲੇ ਨੰਬਰ ਦਾ ਸੂਬਾ ਬਣਾ ਸਕੀਏ।*

*ਪੰਥ ਦਰਦੀ ਜੋ ਬਾਦਲ ਪਰਿਵਾਰ ਤੋਂ ਸਤਾਏ ਘਰ੍ਹਾਂ ਵਿਚ ਬੈਠੇ ਹਨ ਅਤੇ ਜੋ ਇਸ ਪਰਿਵਾਰ ਦੀ ਲੁੱਟ ਖਸੁੱਟ ਦੇ ਖਿਲਾਫ ਆਵਾਜ਼ ਬੁਲੰਦ ਕਰਦੇ ਰਹੇ ਹਨ ਅਸੀਂ ਉਨ੍ਹਾਂ ਕੋਲ ਵੀ ਜਾਵਾਂਗੇ। ਅਸੀਂ ਪੰਜਾਬ ਪ੍ਰਤੀ ਦਿਲ ਵਿਚ ਦਰਦ ਰੱਖਣ ਵਾਲੇ ਦੂਜੀਆਂ ਪਾਰਟੀਆਂ ਤੇ ਸਮੂਹ ਪੰਥਕ ਜਥੇਬੰਦੀਆਂ ਤੱਕ ਵੀ ਪਹੁੰਚ ਕਰਾਂਗੇ ਕਰਕੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਆਉਣ ਦੀ ਬੇਨਤੀ ਕਰਾਂਗੇ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ ’ਤੇ ਲੈ ਕੇ ਜਾਵਾਂਗੇ।*